# ਦਫਤਰ ਸੀਨੀਅਰ ਕਪਤਾਨ ਪੁਲਿਸ, ਸ੍ਰੀ ਮੁਕਤਸਰ ਸਾਹਿਬ

## ਨਿਲਾਮੀ ਇਸ਼ਤਿਹਾਰ ਗੱਡੀਆ

ਪੁਲਿਸ ਵਿਭਾਗ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਥਾਣਿਆ ਵਿੱਚ ਫੈਸਲਾਸ਼ੁਦਾ ਮੁਕੱਦਮਿਆਂ ਵਿੱਚ ਬ੍ਰਾਮਦਸ਼ੁਦਾ 175 ਵਹੀਕਲ/ਗੱਡੀਆ/ਟਰੱਕ ਜਿੰਨ੍ਹਾਂ ਵਿੱਚ ਐਨ.ਡੀ.ਪੀ.ਐਸ. ਦੇ ਫੈਂਸਲਾਸ਼ੁਦਾ ਮੁਕੱਦਮਿਆਂ ਵਿੱਚ ਬ੍ਰਾਮਦਸ਼ੁਦਾ 19 ਵਹੀਕਲ ਅਤੇ 156 ਵਹੀਕਲ ਵੱਖ ਵੱਖ ਜੁਰਮਾਂ ਦੇ ਫੈਸਲਾਸ਼ੁਦਾ ਮੁਕੱਦਮਿਆਂ ਵਿੱਚ ਬ੍ਰਾਮਦਸ਼ੁਦਾ (ਬਿਨ੍ਹਾਂ ਕਾਗਜਾਤ ਅਤੇ ਦੁਬਾਰਾ ਨਾ ਵਰਤੋਯੋਗ/ਸਕਰੈਪ ਦੀ ਨਿਲਾਮੀ (ਖੁੱਲੀ ਬੋਲੀ) ਨਿਰਧਾਰਿਤ ਨਿਲਾਮੀ ਕਮੇਟੀ ਵੱਲੋਂ ਮਿਤੀ 13/06/2023 ਨੂੰ ਸਵੇਰੇ 09:00 ਵਜੇ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਪੁਲਿਸ ਲਾਇਨ, ਸ੍ਰੀ ਮੁਕਤਸਰ ਸਾਹਿਬ ਵਿਖੇ ਕਾਰਵਾਈ ਜਾ ਰਹੀ ਹੈ।ਨਿਲਾਮ ਹੋਣ ਵਾਲੇ ਵਹੀਕਲ ਥਾਣਾ ਸਿਟੀ ਸ.ਮ.ਸ., ਥਾਣਾ ਸਦਰ ਸ.ਮ.ਸ, ਥਾਣਾ ਬਰੀਵਾਲਾ, ਥਾਣਾ ਸਿਟੀ ਮਲੋਟ, ਥਾਣਾ ਸਦਰ ਮਲੋਟ, ਥਾਣਾ ਲੰਬੀ, ਥਾਣਾ ਕਬਰਵਾਲਾ, ਥਾਣਾ ਲੱਖੇਵਾਲੀ, ਥਾਣਾ ਗਿੱਦੜਬਾਹਾ, ਥਾਣਾ ਕੋਟਭਾਈ ਅਤੇ ਪੁਲਿਸ ਲਾਇਨ ਸ੍ਰੀ ਮੁਕਤਸਰ ਸਾਹਿਬ ਵਿਖੇ ਖੜ੍ਹੇ ਹਨ, ਜੋ ਬੋਲੀ ਵਾਲੇ ਦਿਨ ਆਉਣ ਤੋਂ ਪਹਿਲਾ ਆਪ ਕਿਸੇ ਸਮੇਂ ਵੀ ਜਾ ਕੇ ਦੇਖ ਕੇ ਬੋਲੀ ਵਿੱਚ ਹਾਜਰ ਆ ਸਕਦੇ ਹੋ। ਇਹ ਵਹੀਕਲ ਜਿਥੇ ਖੜ੍ਹੇ ਹਨ, ਉਸ ਜਗ੍ਹਾ ਤੇ ਹੀ ਵੇਖਣੇ ਪੈਣਗੇ ਅਤੇ ਜਿਸ ਹਾਲਤ ਵਿੱਚ ਹਨ, ਉਸ ਹਾਲਤ ਵਿੱਚ ਹੀ ਨਿਲਾਮ ਕੀਤੇ ਜਾਣਗੇ ਅਤੇ ਉਸ ਜਗ੍ਹਾ ਤੋਂ ਹੀ ਚੁੱਕਵਾਏ ਜਾਣਗੇ। ਸਫ਼ਲ ਬੋਲੀਕਾਰ ਵੱਲੋਂ ਦਿੱਤੀ ਗਈ ਬੋਲੀ ਦਾ ਬਣਦਾ GST (18%) ਵੱਖਰਾ ਵਸੂਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਬੋਲੀ ਵਿੱਚ ਭਾਗ ਲੈਣ ਵਾਲੇ ਹਰ ਵਿਅਕਤੀ ਨੂੰ 50,000/- ਰੁਪਏ ਬਤੌਰ ਜਮਾਨਤ/ਸਕਿਉਰਟੀ ਬੋਲੀ ਦੇਣ ਤੋਂ ਪਹਿਲਾ ਨਗਦ ਜਮ੍ਹਾਂ ਕਰਵਾਉਣੀ ਹੋਵੇਗੀ। ਸਫ਼ਲ ਬੋਲੀਕਾਰ ਨੂੰ ਖਰੀਦ ਕੀਤੇ ਮਾਲ ਦਾ 1/4 ਹਿੱਸਾ ਰਕਮ ਮੌਕਾ ਪਰ ਜਮ੍ਹਾਂ ਕਰਵਾਉਣੀ ਜਰੂਰੀ ਹੋਵੇਗੀ ਅਤੇ ਬਾਕੀ ਦੀ 3/4 ਹਿਸਾ ਬਣਦੀ ਰਕਮ ਮਿਤੀ 17/06/2023 ਸੁਬਾ 09:00 ਵਜੇ ਤੋਂ ਪਹਿਲਾਂ-ਪਹਿਲਾਂ ਜਮ੍ਹਾਂ ਕਰਵਾਉਣੀ ਹੋਵੇਗੀ। ਨਿਲਾਮ ਹੋਏ ਵਹੀਕਲ ਵਿਚੋਂ ਕਮੇਟੀ ਵੱਲੋਂ ਆਖਰੀ ਫੈਸਲੇ ਦੌਰਾਨ ਘਟਾਏ ਜਾਂ ਵਧਾਏ ਜਾ ਸਕਦੇ ਹਨ। ਬਾਕੀ ਦੀਆਂ ਸ਼ਰਤਾਂ ਕਮੇਟੀ ਵੱਲੋਂ ਮੌਕਾ ਪਰ ਦੱਸੀਆ ਜਾਣਗੀਆਂ। ਹੋਰ ਕਿਸੇ ਵੀ ਜਾਣਕਾਰੀ ਲਈ 80547-01911 ਮੋਬਾਇਲ ਨੰਬਰ ਪਰ ਸੰਪਰਕ ਕੀਤਾ ਜਾ ਸਕਦਾ ਹੈ।ਵਹੀਕਲਾਂ ਦਾ ਵੇਰਵਾ ਅਤੇ ਨਿਲਾਮੀ ਸਬੰਧੀ ਸ਼ਰਤਾ ਪੰਜਾਬ ਪੁਲਿਸ ਜਿਲ੍ਹਾ ਸ੍ਰੀ ਮੁਕਤਸ ਸਾਹਿਬ ਦੀ ਵੈਬਸਾਈਟ https://srimuktsarsahib.punjabpolice.gov.in ਪਰ ਉਪਲਬਧ ਹਨ।

ਨੰਬਰ: 12081/ ਸੀ ਮਿਤੀ: 06-06-2023

ਸੀਨੀਅਰ ਕਪਤਾਨ ਪੁਲਿਸ,
ਸ੍ਰੀ ਮੁਕਤਸਰਸਾਹਿਬ।